ਦੇਸ਼ ਸੇਵਕ
ਚੰਡੀਗੜ੍ਹ, ਐਤਵਾਰ 31 ਅਕਤੂਬਰ, 1999

ਸਾਨੂੰ ਜੰਗ ਨਹੀਂ, ਦੋਸਤੀ ਚਾਹੀਦੀ ਹੈ

ਗੁਰਸ਼ਰਨ ਸਿੰਘ

ਪਾਕਿਸਤਾਨ ਨਾਲ ਹੋਈ ਕੋਈ ਵੀ ਝੜਪ ਪੰਜਾਬ ਉੱਤੇ ਅਸਰ ਪਾਉਂਦੀ ਹੈ। ਦੋਵਾਂ ਪੰਜਾਬਾਂ ਦੇ ਲੋਕ ਦੋਸਤੀ ਚਾਹੁੰਦੇ ਹਨ। ਪੰਜਾਬ ਦੇ ਚਿੰਤਕਾਂ ਵੱਲੋਂ ਕੁਝ ਪ੍ਰਤੀਕਰਮ ਪੰਜਾਬੀ ਵਿਚ ਨਿਕਲਦੇ ਮੈਗਜ਼ੀਨਾਂ ਵਿਚ ਆਏ ਹਨ। ਇਹਨਾਂ ਵਿਚੋਂ ਕੁਝ ਇਸ ਕਾਲਮ ਵਿਚ ਰੀਕਾਰਡ ਕੀਤੇ ਜਾ ਰਹੇ ਹਨ ਤਾਂ ਜੋ ਕਿਸੇ ਵੇਲੇ ਜਦੋਂ ਇਤਿਹਾਸ ਲਿਖਿਆ ਜਾਏ ਤਾਂ ਸਹੀ ਪਰਿਪੇਖ ਵਿਚ ਸਾਰੇ ਮਸਲੇ ਨੂੰ ਘੋਖਿਆ ਜਾ ਸਕੇ। ਚਿੰਤਕ ਆਪਣੇ ਜੁਲਾਈ 1999 ਅੰਕ ਵਿਚ 'ਆਪਣੇ ਲੋਕਾਂ ਦੇ ਨਾਂ' ਸੁਨੇਹੇ ਵਿਚ ਲਿਖਦਾ ਹੈ :

ਤੁਸੀਂ ਕਿਸੇ ਸ਼ਹੀਦ ਫੌਜੀ ਦੀ ਫੋਟੋ ਵੇਖੋ
ਸਲਾਮ ਕਰੋ
ਤੁਹਾਡਾ ਸਲਾਮ ਕਰਨਾ ਬਣਦਾ ਹੈ

ਤੁਸੀਂ ਕਿਸੇ ਸ਼ਹੀਦ ਫੌਜੀ ਦੀ
ਪਿਛੇ ਰਹਿ ਗਈ
ਵਿਧਵਾ ਦੀ ਫੋਟੋ ਦੇਖੋ ਤਾਂ
ਹਮਦਰਦੀ ਦੇ ਅੱਥਰੂ ਜ਼ਰੂਰ ਵਹਾਓ
ਇਹ ਅੱਥਰੂ ਵਹਾਉਣਾ ਬਣਦਾ ਹੈ

ਤੁਸੀਂ ਕਿਸੇ ਸ਼ਹੀਦ ਫੌਜੀ ਦੇ
ਯਤੀਮ ਬੱਚਿਆਂ ਦੀ
ਤਸਵੀਰ ਵੇਖੋ ਤਾਂ ਜ਼ਰੂਰ ਸੋਚੋ ਕਿ ਤੁਸੀਂ
ਉਹਨਾਂ ਵਾਸਤੇ ਕੀ ਕਰ ਸਕਦੇ ਹੋ
ਇਹ ਸੋਚਣਾ ਬਣਦਾ ਹੈ

ਨਾਲ ਹੀ ਇਹ ਸਵਾਲ ਪੁੱਛੋ ਅਤੇ
ਇਹ ਸਵਾਲ ਪੁੱਛਣਾ ਬਣਦਾ ਹੈ

52 ਸਾਲ ਤੋਂ ਦੋਨੋਂ ਸਰਕਾਰਾਂ ਕਸ਼ਮੀਰ ਦੇ ਮਸਲੇ ਨੂੰ ਕਸ਼ਮੀਰੀਆਂ ਦੀ ਰਾਏ ਅਨੁਸਾਰ ਕਿਉਂ ਨਹੀਂ ਹੱਲ ਕਰ ਸਕੀਆਂ?

ਜਵਾਬ ਇਕੋ ਹੈ।
ਦੋਨੋਂ ਸਰਕਾਰਾਂ ਗਰੀਬ ਦੁਸ਼ਮਣ ਹਨ
ਲੋਕ ਦੁਸ਼ਮਣ ਹਨ
ਫੇਰ ਲੋਕ ਕੀ ਕਰਨ
ਆਵਾਜ਼ ਉੱਚੀ ਕਰਨ
'ਜੰਗ ਬੰਦ ਕਰੋ' ਮਸਲੇ ਦਾ ਹੱਲ ਕਰੋ

ਅੰਨ੍ਹੀ ਦੇਸ਼ ਭਗਤੀ ਕੋਈ ਦੇਸ਼ ਭਗਤੀ ਨਹੀਂ, ਜਜ਼ਬਾਤੀ ਵਤਨ ਪ੍ਰਸਤੀ ਕੋਈ ਵਤਨ ਪ੍ਰਸਤੀ ਨਹੀਂ।

(ਅਦਾਰਾ ਚਿੰਤਕ ਜੁਲਾਈ 1999)

ਇਸੇ ਜਜ਼ਬੇ ਨੂੰ ਆਰਸੀ (ਅਕਤੂਬਰ 1999) ਦੇ ਅੰਕ ਵਿਚ ਭਗਵਾਨ ਢਿੱਲੋਂ ਨੇ ਆਪਣੀ ਇਕ ਨਜ਼ਮ 'ਨੀਰੋ ਦੀ ਬੰਸਰੀ' ਵਿਚ ਪ੍ਰਗਟਾਇਆ ਹੈ :

ਕੰਡਿਆਲੀ ਤਾਰ ਤੋਂ ਪਰ੍ਹੇ
ਦੂਰ [illegible] ਦੇ ਤਖ਼ਤੇ-ਤਾਊਸ 'ਤੇ ਬੈਠਾ
ਇਕ ਨੀਰੋ ਆਪਣਾ ਰੋਮ
ਜਲਾ ਰਿਹਾ ਹੈ
ਕੰਡਿਆਲੀ ਤਾਰ ਦੇ ਉਰ੍ਹੇ
ਏਧਰ ਵੀ ਇਕ ਨੀਰੋ
ਬਾਰੂਦ ਦੇ ਢੇਰ 'ਤੇ ਬੈਠਾ
ਬੰਸਰੀ ਵਜਾ ਰਿਹਾ ਹੈ
ਉਹ ਵੀ ਦਿਨ ਹੁੰਦੇ ਸਨ
ਕੱਤੇ ਦੀ ਖਿੜੀ ਕਪਾਹ ਵਰਗੇ
ਤੇ ਕੱਚੇ ਧਾਨਾਂ ਦੀ ਮਹਿਕ ਵਰਗੇ
ਜਦੋਂ ਡਾਕੀਏ ਦੀ ਟੱਲੀ ਦੀ
ਟੁਣਕਾਰ ਨਾਲ
ਹਜ਼ਾਰਾਂ ਸੂਰਜਮੁਖੀ ਖਿੜ ਉਠਦੇ ਸਨ
ਝਾਂਜਰਾਂ ਵਾਲੀ ਦੀਆਂ ਬਰੂਹਾਂ 'ਤੇ
ਪਰ ਜੰਗ 'ਤੇ ਗਿਆਂ ਦੀਆਂ ਹੁਣ
ਚਿੱਠੀਆਂ ਨਹੀਂ ਆਉਂਦੀਆਂ
ਹੁਣ ਤਾਂ ਚਿੱਠੀ ਦੀ ਥਾਂ 'ਤੇ
ਆਉਂਦੇ ਨੇ
ਤਿੰਨ ਰੰਗੇ ਕੱਪੜੇ 'ਚ ਲਿਪਟੇ
ਲੱਕੜ ਦੇ ਬਕਸੇ
ਇਹ ਲੱਕੜ ਦੇ ਬਕਸੇ ਖੋਹ ਲੈਂਦੇ ਨੇ
ਗੋਰੀਆਂ ਬਾਹਾਂ 'ਚੋਂ ਰਾਂਗਲੇ ਚੂੜੇ......
ਨਾ ਨੱਚੋ ਹੋਰ ਤਾਂਡਵ ਦਾ ਨਾਚ
ਨਹੀਂ ਤਾਂ ਬਲਦੇ ਸਿਵੇ ਤੇ
ਕਬਰਾਂ ਦੀ ਮਿੱਟੀ
ਕੁਰਲਾ-ਕੁਰਲਾ ਕੇ ਆਖਦੀ ਰਹੇਗੀ
ਕਿ
ਕੰਡਿਆਲੀ ਤਾਰ ਦੇ ਪਰ੍ਹੇ ਵੀ
ਇਕ ਰੋਮ ਜਲਦਾ ਹੈ
ਕੰਡਿਆਲੀ ਤਾਰ ਦੇ ਉਰ੍ਹੇ ਵੀ
ਇਕ ਰੋਮ ਜਲਦਾ ਹੈ
ਕੰਡਿਆਲੀ ਤਾਰ ਤੋਂ ਪਰ੍ਹੇ ਵੀ ਇਕ
ਨੀਰੋ ਬੰਸਰੀ ਵਜਾਉਂਦਾ ਹੈ
ਕੰਡਿਆਲੀ ਤਾਰ ਤੋਂ ਉਰ੍ਹੇ ਵੀ ਇਕ
ਨੀਰੋ ਬੰਸਰੀ ਵਜਾਉਂਦਾ ਹੈ

(ਆਰਸੀ ਅਕਤੂਬਰ 1999)

• ਆਰਸੀ ਦੇ ਇਸੇ ਅੰਕ ਵਿਚ ਅਜਾਇਬ ਸਿੰਘ ਹੁੰਦਲ ਦੀ ਇਕ ਸ਼ਕਤੀਸ਼ਾਲੀ ਨਜ਼ਮ 'ਆਪਣੇ-ਆਪਣੇ ਦੁਸ਼ਮਣ' ਹੈ

ਸੀਮਾ 'ਤੇ ਸ਼ਹੀਦ ਹੋਏ ਮੇਰੇ ਦੋਸਤ
ਤੇਰੀ ਬਹਾਦਰੀ ਦੀ ਸੂਚਨਾ
ਸਾਡੇ ਤੋਂ ਪਹਿਲਾਂ ਅਖ਼ਬਾਰਾਂ ਨੂੰ ਮਿਲਣੀ
ਤੇਰੀ ਬਹਾਦਰੀ ਦਾ ਸਬੂਤ ਤਾਂ ਹੈ
ਤੇਰੀ ਜਿੱਤ ਦਾ ਜ਼ਾਮਨ ਨਹੀਂ

ਹਾਰ ਜਿੱਤ ਬਹਾਦਰਾਂ ਦੀ ਨਹੀਂ ਹੁੰਦੀ
ਮੁਲਕਾਂ ਦੀ ਹੁੰਦੀ ਹੈ
ਕਦੇ-ਕਦੇ ਸਰਕਾਰਾਂ ਦੀ ਵੀ
ਫ਼ੌਜਾਂ ਸਿਰਫ਼ ਲੜਦੀਆਂ ਨੇ
ਤੇ ਲੜਨ ਵਾਲਿਆਂ ਦੀ
ਨਾ ਕਦੇ ਹਾਰ ਹੁੰਦੀ ਹੈ
ਨਾ ਕਦੇ ਜਿੱਤ ਹੁੰਦੀ ਹੈ......

ਮੈਨੂੰ ਯਾਦ ਆ ਰਹੀ ਹੈ
ਚੇਤਨ ਆਨੰਦ ਦੀ ਫ਼ਿਲਮ 'ਹਕੀਕਤ'
ਤੇ ਉਸ ਵਿਚਲੇ ਗੀਤ ਦੀਆਂ ਸਤਰਾਂ ਵੀ
'ਕਰ ਚਲੇ ਹਮ ਫ਼ਿਦਾ ਜਾਨੋਂ
ਤਨ ਸਾਥੀਓ
ਅਬ ਤੁਮ੍ਹਾਰੇ ਹਵਾਲੇ ਵਤਨ ਸਾਥੀਓ'

ਕਿੰਨੀ ਦੇਰ ਸੋਚਦੇ ਰਹੇ ਸਾਂ ਅਸੀਂ
ਆਖ਼ਿਰ ਉਹ ਕੌਣ ਲੋਕ ਨੇ
ਜਿਨ੍ਹਾਂ ਦੇ ਹਵਾਲੇ
ਇਸ ਦੇਸ਼ ਨੂੰ ਸੌਂਪ ਦੇਣ ਦਾ ਜ਼ਿਕਰ ਹੈ
ਆਹਮੋ-ਸਾਮ੍ਹਣੇ ਖੜ੍ਹੇ
ਜੇ ਤੁਸਾਂ ਦੋਹਾਂ ਹੀ ਸੋਚਿਆ ਹੁੰਦਾ
ਅਸੀਂ ਕਿਸ ਲਈ ਲੜਦੇ ਹਾਂ
ਅਸੀਂ ਕਿਸਦੇ ਲਈ ਲੜਦੇ ਹਾਂ....
ਤੁਸੀਂ ਇਕ ਦੂਸਰੇ ਦੇ ਦੁਸ਼ਮਣ ਨਹੀਂ
ਤੁਹਾਡਾ ਦੋਹਾਂ ਦਾ ਦੁਸ਼ਮਣ
ਕੋਈ ਹੋਰ ਹੈ
ਤੁਹਾਡੀਆਂ ਗੋਲੀਆਂ
ਇਕ ਦੂਸਰੇ 'ਤੇ ਚੱਲਣ ਦੀ ਬਜਾਏ
ਆਪਣੇ-ਆਪਣੇ ਦੁਸ਼ਮਣ 'ਤੇ ਚੱਲੀਆਂ ਹੁੰਦੀਆਂ....

ਹਿੰਦ-ਪਾਕਿ ਦੋਸਤੀ–ਇਕ ਸਭਿਆਚਾਰਕ ਟਿੱਪਣੀ ਵਿਚ ਕਰਨਲ ਪ੍ਰਤਾਪ ਸਿੰਘ ਗਿੱਲ ਵੀ ਕੁਝ ਸਿੱਧੀਆਂ ਗੱਲਾਂ ਲਿਖਦਾ ਹੈ :

1947 ਤੋਂ ਪਹਿਲਾਂ ਹਿੰਦੂ, ਮੁਸਲਮਾਨ ਤੇ ਸਿੱਖਾਂ ਨੇ ਮਿਲਕੇ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਕੱਢਿਆ। ਜਦੋਂ ਅਸੀਂ ਆਜ਼ਾਦ ਹੋ ਗਏ ਤਾਂ ਹਿੰਦ ਅਤੇ ਪਾਕਿ ਦੋਵਾਂ ਵਿਚ ਅੰਗਰੇਜ਼ ਹਰਮਨ ਪਿਆਰਾ ਹੋ ਗਿਆ ਅਤੇ ਹਿੰਦੂ, ਸਿੱਖ ਤੇ ਮੁਸਲਮਾਨ ਇਕ-ਦੂਸਰੇ ਦੇ ਹਮੇਸ਼ਾ ਲਈ ਜਾਨੀ ਦੁਸ਼ਮਣ ਹੋ ਗਏ। ਇਸ 50 ਸਾਲਾਂ ਦੀ ਆਪਸੀ ਦੁਸ਼ਮਣੀ ਨੇ ਹਜ਼ਾਰਾਂ ਮਾਵਾਂ ਦੇ ਪੁੱਤ ਕਸ਼ਮੀਰ ਦੀ ਬਲੀ ਚੜ੍ਹਾ ਦਿੱਤੇ। ਕਸ਼ਮੀਰ ਉੱਥੇ ਦਾ ਉੱਥੇ ਹੀ ਹੈ......

ਮੈਂ ਹਿੰਦ-ਪਾਕਿ ਅਤੇ ਖਾਸ ਕਰਕੇ ਵਾਘਾ ਦੇ ਦੋਵੇਂ ਪਾਸੇ ਦੇ ਪੰਜਾਬ ਦੇ ਲੋਕਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿੰਨਾ ਚਿਰ ਤੁਹਾਡੇ ਮੰਤਰੀ ਆਪਣੇ ਪੁੱਤਰ ਫੌਜਾਂ ਵਿਚ ਭਰਤੀ ਨਹੀਂ ਕਰਦੇ ਤੁਸੀਂ ਵੀ ਕਿਉਂ ਭੇਜੋ?.....ਅਸੀਂ ਆਪਣੇ ਪੁੱਤਰ ਕਸ਼ਮੀਰ ਦੀ ਬਲੀ ਕਿਉਂ ਚੜ੍ਹਾਈਏ?.....

(ਆਰਸੀ ਅਕਤੂਬਰ 99)

• ਜੰਗ ਵਿਰੋਧੀ ਜਜ਼ਬੇ ਨੂੰ ਅੰਮ੍ਰਿਤਾ ਪ੍ਰੀਤਮ ਨੇ (ਨਾਗਮਣੀ ਸਤੰਬਰ 99) ਦੇ ਅੰਕ ਵਿਚ ਸੰਪਾਦਕ ਵਰਗੇ ਇਕ ਲੇਖ ਵਿਚ ਪਰਗਟ ਕੀਤਾ ਹੈ।

ਦੋਸਤੋ!

ਜਦੋਂ ਯੂਨਾਨ ਦੀ ਤੇ ਬੁਲਗਾਰੀਆ ਦੀ ਜੰਗ ਹੋ ਰਹੀ ਸੀ ਤਾਂ ਜ਼ੋਰਬਾ (ਯੂਨਾਨ ਦਾ ਵੱਡਾ ਲੇਖਕ) ਲਿਖਦਾ ਹੈ–ਇਕ ਰਾਤ ਮੇਰੇ ਅੰਦਰ ਦੁਸ਼ਮਣੀ ਦਾ ਵਿਹੁ ਘੁਲ ਗਿਆ, ਮੈਂ ਦੋ ਮਿੱਤਰਾਂ ਨੂੰ ਨਾਲ ਲੈ ਕੇ ਸਰਹੱਦ ਪਾਰ ਕਰਕੇ ਬੁਲਗਾਰੀਆ ਚਲਾ ਗਿਆ ਤੇ ਰਾਤ ਦੇ ਹਨੇਰੇ ਵਿਚ ਇਕ ਪਾਦਰੀ ਨੂੰ ਮਾਰ ਕੇ ਆ ਗਿਆ।

ਕੁਝ ਦਿਨਾਂ ਪਿੱਛੋਂ ਜੰਗ ਥੰਮ੍ਹ ਗਈ, ਸੁਲਾਹਨਾਮੇ ਹੋਏ, ਪਰ ਯੂਨਾਨ ਦੀਆਂ ਖੇਤੀਆਂ, ਪੈਲੀਆਂ ਵਿਚ ਇਕ ਉਜਾੜਾ ਪੈ ਗਿਆ ਹੋਇਆ ਸੀ। ਸਰਹੱਦ ਖੁੱਲ੍ਹ ਗਈ ਸੀ, ਏਸ ਲਈ ਲੋਕ ਹਿੰਮਤ ਕਰਕੇ ਜਾਂਦੇ, ਬੁਲਗਾਰੀਆ ਵਿਚੋਂ ਜੋ ਸਬਜ਼ੀ-ਭਾਜੀ ਲੱਭਦੀ, ਖਰੀਦ ਕੇ ਝੋਲੇ ਭਰ ਲਿਆਉਂਦੇ।

ਜ਼ੋਰਬਾ ਲਿਖਦਾ ਹੈ ਮੈਂ ਵੀ ਕੁਝ ਖਰੀਦਣ ਲਈ ਗਿਆ ਸਾਂ ਤਾਂ ਉੱਥੇ ਇਕ ਸੜਕ ਉੱਤੇ ਪੰਜ ਨਿੱਕੇ-ਨਿੱਕੇ ਬਾਲ ਵੇਖੇ ਜੋ ਭਿੱਖਿਆ ਮੰਗ ਰਹੇ ਸਨ। ਬੜੇ ਹੀ ਪਿਆਰੇ ਬੱਚੇ ਸਨ, ਮੈਂ ਕੋਲ ਜਾ ਕੇ ਉਹਨਾਂ ਨੂੰ ਪਿਆਰ ਕੀਤਾ, ਛੋਟੇ ਨੂੰ ਬਹਾਵਾਂ ਵਿਚ ਚੁੱਕ ਲਿਆ ਤੇ ਪੁੱਛਿਆ..... ਤੁਸੀਂ ਕਿਸਦੇ ਬੱਚੇ ਹੋ?

ਬੱਚਿਆਂ ਦੇ ਕੱਪੜੇ ਪਾਟੇ ਹੋਏ ਸਨ, ਮੂੰਹ ਰੁੱਲੇ ਹੋਏ ਸਨ ਤੇ ਉਹ ਬੜੀਆਂ ਵੀਰਾਨ ਅੱਖਾਂ ਨਾਲ ਇਕ ਦੂਜੇ ਨੂੰ ਵੇਖਦੇ ਸਨ। ਉਹਨਾਂ ਵਿਚੋਂ ਜਿਹੜਾ ਕੁਝ ਵੱਡਾ ਸੀ, ਬੋਲਿਆ–ਅਸੀਂ ਪਾਦਰੀ ਦੇ ਬੱਚੇ ਹਾਂ, ਸਾਡੇ ਬਾਪ ਨੂੰ ਕੋਈ ਵੱਢ ਗਿਆ ਸੀ....

ਉਸ ਘੜੀ ਦਾ ਆਪਣਾ ਹਾਲ ਜ਼ੋਰਬਾ ਲਿਖਦਾ ਹੈ–"ਮੇਰੇ ਬੋਝੇ ਵਿਚ ਜਿੰਨੇ ਵੀ ਪੈਸੇ ਸਨ, ਛੇਤੀ ਨਾਲ ਸਾਰੇ ਬੱਚਿਆਂ ਦੀ ਝੋਲੀ ਪਾ ਕੇ ਮੈਂ ਉੱਥੋਂ ਦੌੜ ਪਿਆ... ਅੱਜ ਤੱਕ ਦੌੜ ਰਿਹਾ ਹਾਂ....ਆਪਣੇ ਆਪ ਤੋਂ ਦੌੜ ਰਿਹਾ ਹਾਂ...."

ਇਹ ਜ਼ੋਰਬਾ, ਜੋ ਬਹੁਤਾ ਨਹੀਂ ਤਾਂ ਮਾਸਾ ਕੁ ਹਰ ਬੰਦੇ ਦੇ ਸੀਨੇ ਵਿਚ ਹੁੰਦਾ ਹੈ, ਪਰ ਫਰਕ ਏਨਾ ਕੁ ਹੈ ਕਿ ਉਹ ਜ਼ੋਰਬਾ ਦੀਆਂ ਰਗਾਂ ਵਿਚ ਧੜਕਣ ਲੱਗ ਪਿਆ ਸੀ ਤੇ ਲੋਕਾਂ ਦੇ ਅੰਦਰ ਸੁੱਤਾ ਪਿਆ ਹੁੰਦਾ ਹੈ.......

(ਅੰਮ੍ਰਿਤਾ, 9/99 ਨਾਗਮਣੀ)

ਜ਼ੋਰਬਾ ਦੀ ਇਹ ਆਪ-ਬੀਤੀ ਹਿੰਦ-ਪਾਕਿਸਤਾਨ ਦੀ ਆਪਸੀ ਬੇਮਾਅਨੀ ਦੁਸ਼ਮਣੀ ਉੱਤੇ ਵੀ ਲਾਗੂ ਹੁੰਦੀ ਹੈ। ਲੋੜ ਜੰਗ ਵਿਰੋਧੀ ਅਹਿਸਾਸ ਦੀ ਹੈ। ਇਹ ਅੱਜ ਦੇ ਮਨੁੱਖ ਦੀ ਲੋੜ ਹੈ।